aglasem.com

FOR PUNJAB CLASS 12 PREPARATION

PSEB 12th Sample Paper 2027 Agriculture

EXAM	YEAR	TYPE	SUBJECT
Punjab Class 12	2027	Sample Paper	Agriculture

Roll No..... **MTP- 065**

Total No. of Questions: 24] [Total No. of Printed Pages: 04

XII

ਮਾਡਲ ਪ੍ਰਸ਼ਨ ਪੱਤਰ : 2026-27

AGRICULTURE (Theory)

Time Allowed : 3 Hours **Maximum Marks: 70**

(Punjabi Version)

ਨੋਟ :

(i) ਆਪਣੀ ਉੱਤਰ ਪੱਤਰੀ ਦੇ ਟਾਈਟਲ ਪੰਨੇ ਤੇ ਵਿਸ਼ਾ ਕੋਡ/ਪੇਪਰ ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ ਕੋਡ/ਪੇਪਰ ਕੋਡ **065** ਜ਼ਰੂਰ ਦਰਜ ਕਰੋ ।

(ii) ਉੱਤਰ ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਵੋ ਕਿ ਇਸ ਵਿੱਚ ਟਾਈਟਲ ਪੰਨੇ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।

(v) ਹਰੇਕ ਪ੍ਰਸ਼ਨ ਦਾ ਉੱਤਰ ਖ਼ਤਮ ਹੋਣ ਤੇ ਇੱਕ ਲਾਈਨ ਲਗਾ ਦਿਓ ।

(vi) ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :

ਭਾਗ - I **ਇਸ ਭਾਗ ਵਿੱਚ ਪ੍ਰਸ਼ਨ ਨੰਬਰ 1 ਤੋਂ 4 ਤੱਕ ਚਾਰ ਪ੍ਰਸ਼ਨ ਹਨ** :

ਪ੍ਰਸ਼ਨ ਨੰ. 1 : ਇਸ ਦੇ **ਚਾਰ ਉਪ ਭਾਗ** ਹਨ । ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਬਹੁ-ਵਿਕਲਪੀ ਪ੍ਰਸ਼ਨ'** ਹਨ ।

ਪ੍ਰਸ਼ਨ ਨੰ. 2 : ਇਸ ਦੇ **ਚਾਰ ਉਪ ਭਾਗ** ਹਨ । ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਖ਼ਾਲੀ ਥਾਂਵਾਂ ਭਰੋ'** ਵਾਲੇ ਪ੍ਰਸ਼ਨ ਹਨ ।

ਪ੍ਰਸ਼ਨ ਨੰ. 3 : ਇਸ ਦੇ **ਛੇ ਉਪ ਭਾਗ** ਹਨ । ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਛੇ 'ਠੀਕ ਜਾਂ ਗ਼ਲਤ ਕਥਨ'** ਵਾਲੇ ਪ੍ਰਸ਼ਨ ਹਨ ।

ਪ੍ਰਸ਼ਨ ਨੰ. 4 : ਇਸ ਦੇ **ਚਾਰ ਉਪ ਭਾਗ** ਹਨ । ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਸਹੀ ਮਿਲਾਣ ਕਰੋ'** ਵਾਲੇ ਪ੍ਰਸ਼ਨ ਹਨ । **ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।**

MTP-XII-AG-065-202627

ਭਾਗ - II ਇਸ ਭਾਗ ਵਿੱਚ **ਪ੍ਰਸ਼ਨ ਨੰਬਰ 5 ਤੋਂ 20 ਤੱਕ ਦੋ-ਦੋ ਅੰਕਾਂ** ਵਾਲੇ **ਸੋਲ੍ਹਾਂ ਪ੍ਰਸ਼ਨ** ਹਨ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ-ਦੋ ਵਾਕਾਂ** ਦਾ ਹੈ । **ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ ।**

ਭਾਗ - III ਇਸ ਭਾਗ ਵਿੱਚ **ਪ੍ਰਸ਼ਨ ਨੰਬਰ 21 ਤੋਂ 24 ਤੱਕ ਪੰਜ-ਪੰਜ ਅੰਕਾਂ** ਵਾਲੇ **ਚਾਰ ਪ੍ਰਸ਼ਨ** ਹਨ । ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਪੰਜ-ਛੇ ਵਾਕਾਂ** ਦਾ ਹੈ । ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੈ ।

ਭਾਗ - I

1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

(i) 'ਉਮਰਾਨ' ਕਿਹੜੇ ਫਲ਼ ਦੀ ਉੱਨਤ ਕਿਸਮ ਹੈ ?

(ੳ) ਅੰਬ (ਅ) ਬੇਰ (ੲ) ਅਨਾਰ (ਸ) ਆੜੂ 1

(ii) ਰੋਡ ਆਈਲੈਂਡ ਰੈੱਡ ਨਸਲ ਦੀ ਮੁਰਗ਼ੀ ਕਿਹੜੇ ਰੰਗ ਦੇ ਆਂਡੇ ਦਿੰਦੀ ਹੈ ?

(ੳ) ਨੀਲੇ (ਅ) ਚਿੱਟੇ (ੲ) ਕਾਲੇ (ਸ) ਭੂਰੇ 1

(iii) ਘਾਹ ਕੁਲ (Gramineae family) ਦਾ ਪੌਦਾ ਕਿਹੜਾ ਹੈ ?

(ੳ) ਕਣਕ (ਅ) ਛੋਲੇ (ੲ) ਮਟਰ (ਸ) ਮੂੰਗੀ 1

(iv) ਥਣਧਾਰੀਆਂ ਦੇ ਦਿਲ ਦੇ ਕਿੰਨੇ ਖਾਨੇ ਹੁੰਦੇ ਹਨ ?

(ੳ) ਦੋ (ਅ) ਚਾਰ (ੲ) ਇੱਕ (ਸ) ਛੇ 1

1 ਅੰਕ × 4 = 4 ਅੰਕ

2. ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :

(i) ਸਰ੍ਹੋਂ ..... ਰੁੱਤ ਦੀ ਫ਼ਸਲ ਹੈ । (ਹਾੜ੍ਹੀ / ਸਾਉਣੀ) 1

(ii) ਮੱਝ ਦਾ ਔਸਤਨ ਗਰਭ ਕਾਲ ਲਗਭਗ ..... ਦਿਨ ਦਾ ਹੁੰਦਾ ਹੈ ।(310 / 210) 1

(iii) ..... ਕਿਰਿਆ ਦੇ ਦੌਰਾਨ ਪੌਦੇ ਆਕਸੀਜਨ ਗੈਸ ਛੱਡਦੇ ਹਨ । (ਸਾਹ / ਪ੍ਰਕਾਸ਼ ਸੰਸ਼ਲੇਸ਼ਣ) 1

(iv) ਖਰਗੋਸ਼ ਦੀ ਰੂਸੀ ਅੰਗੋਰਾ ਨਸਲ ..... ਲਈ ਪਾਲੀ ਜਾਂਦੀ ਹੈ । (ਮਾਸ / ਉੱਨ) 1

1 ਅੰਕ × 4 = 4 ਅੰਕ

3. ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗ਼ਲਤ ਚੁਣੋ :

(i) ਰੇਤਲੀ ਮਿੱਟੀ ਦੇ ਕਣ ਚੀਕਣੀ ਮਿੱਟੀ ਦੇ ਕਣਾਂ ਤੋਂ ਬਾਰੀਕ ਹੁੰਦੇ ਹਨ । 1

(ii) ਮਟਰ ਦੀ 'ਮਿੱਠੀ ਫਲੀ' ਕਿਸਮ ਛਿਲਕੇ ਸਮੇਤ ਵੀ ਖਾਧੀ ਜਾ ਸਕਦੀ ਹੈ । 1

(iii) ਦੁਨੀਆ ਦੀ ਸਭ ਤੋਂ ਵੱਧ ਦੁੱਧ ਦੇਣ ਵਾਲੀ ਗਾਂ ਦੀ ਨਸਲ ਸਾਹੀਵਾਲ ਹੈ । 1

(iv) ਬਰਾਇਲਰ ਚਿਕਨ ਦਾ ਛੇ ਹਫ਼ਤਿਆਂ ਵਿੱਚ ਔਸਤਨ ਭਾਰ 1250-1350 ਗ੍ਰਾਮ ਹੋ ਜਾਂਦਾ ਹੈ । 1

(v) ਮੈਂਡਲ ਨੇ ਆਪਣੀ ਖੋਜ ਗੰਨੇ ਦੇ ਪੌਦਿਆਂ 'ਤੇ ਕੀਤੀ ਸੀ । 1

(vi) ਇੰਸੂਲਿਨ ਹਾਰਮੋਨ, ਲੁੱਬਾ (Pancreas) ਤੋਂ ਰਿਸਣ ਵਾਲਾ ਹਾਰਮੋਨ ਹੈ । 1

1 ਅੰਕ × 6 = 6 ਅੰਕ

4. ਸਹੀ ਮਿਲਾਣ ਕਰੋ :

(i)	ਪੌਦਿਆਂ ਦੇ ਲਘੂ ਖ਼ੁਰਾਕੀ ਤੱਤ	(ਓ)	ਸਾਈਲੇਜ	1
(ii)	ਹਰੇ ਚਾਰੇ ਦਾ ਆਚਾਰ	(ਅ)	ਕਣਕ, ਮੱਕੀ, ਘਾਹ ਅਤੇ ਗੰਨਾ	1
(iii)	ਗੁੱਛੇਦਾਰ ਜੜ੍ਹਾਂ ਵਾਲੇ ਪੌਦੇ	(ਏ)	ਮੂੰਹ, ਦੰਦ, ਮਿਹਦਾ ਅਤੇ ਅੰਤੜੀਆਂ	1
(iv)	ਪਾਚਣ ਪ੍ਰਣਾਲੀ ਦੇ ਅੰਗ	(ਸ)	ਲੋਹਾ ਅਤੇ ਜ਼ਿੰਕ	1

1 ਅੰਕ × 4 = 4 ਅੰਕ

ਭਾਗ - II

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾਂ ਵਿੱਚ ਦਿਓ :

5. ਜ਼ਮੀਨ ਵਿੱਚ ਸੇਮ ਆਉਣ ਦੇ ਕੋਈ ਦੋ ਕਾਰਨ ਲਿਖੋ । **2**

6. ਪੌਦਿਆਂ ਵਿੱਚ ਨਾਈਟਰੋਜਨ ਦੇ ਦੋ ਮੁੱਖ ਕੰਮ ਲਿਖੋ । **2**

7. ਝੋਨੇ ਦੀ ਫ਼ਸਲ 'ਤੇ ਆਧਾਰਿਤ ਕੋਈ ਦੋ ਫ਼ਸਲੀ ਚੱਕਰ (Crop Rotation) ਲਿਖੋ । **2**

8. ਬੈਂਗਣ ਦੀਆਂ ਇੱਕ ਸਾਲ ਵਿੱਚ ਲਗਾਤਾਰ ਚਾਰ ਫ਼ਸਲਾਂ ਕਿਹੜੇ ਤਰੀਕਿਆਂ ਨਾਲ ਲਈਆਂ ਜਾ ਸਕਦੀਆਂ ਹਨ ? **2**

9. ਅੰਗੂਰਾਂ ਦੀਆਂ ਵੇਲਾਂ ਚੜ੍ਹਾਉਣ ਦੇ ਟੈਲੀਫੋਨ ਸਿਸਟਮ (Telephone Trellis System) ਬਾਰੇ ਲਿਖੋ । **2**

10. ਨੀਲੀ ਰਾਵੀ (ਪੰਜ ਕਲਿਆਣੀ) ਨਸਲ ਦੀ ਮੱਝ ਬਾਰੇ ਤੁਸੀਂ ਕੀ ਜਾਣਦੇ ਹੋ ? **2**

11. ਵਧੀਆ ਗਾਂ ਦੀ ਚੋਣ ਕਿਵੇਂ ਕੀਤੀ ਜਾ ਸਕਦੀ ਹੈ ? **2**

12. ਪਸ਼ੂਆਂ ਵਿੱਚ ਮੂੰਹ-ਖੁਰ ਦੀ ਬਿਮਾਰੀ (Foot and Mouth Disease – FMD) ਦੇ ਲੱਛਣ ਲਿਖੋ । **2**

13. ਮੁਰਗ਼ੀਆਂ ਦੀਆਂ ਚੁੰਝਾਂ ਕੱਟਣ (Debeaking) ਦੇ ਕੋਈ ਦੋ ਲਾਭ ਲਿਖੋ । **2**

14. ਜੇਕਰ ਮੁਰਗੀਆਂ ਨੂੰ ਸੰਤੁਲਿਤ ਖੁਰਾਕ ਅਤੇ ਯੋਗ ਰੋਸ਼ਨੀ ਨਾ ਮਿਲੇ ਤਾਂ ਅੰਡਿਆਂ ਦੇ ਉਤਪਾਦਨ 'ਤੇ ਕੀ ਪ੍ਰਭਾਵ ਪਵੇਗਾ ? ਕੋਈ ਦੋ ਕਾਰਨਾਂ ਸਮੇਤ ਲਿਖੋ । **2**

15. ਮੈਂਡਲ ਦੇ ਅਣੂਵੰਸ਼ਿਕੀ ਨਿਯਮਾਂ ਵਿੱਚੋਂ ਕਿਸੇ ਦੋ ਨਿਯਮਾਂ ਨੂੰ ਸੰਖੇਪ ਵਿੱਚ ਸਮਝਾਓ । **2**

16. ਜੜ੍ਹਾਂ ਦੇ ਦੋ ਮੁੱਖ ਕੰਮ ਲਿਖੋ । **2**

17. ਸਵੈ-ਪਰਾਗਣ (Self-Pollination) ਅਤੇ ਪਰ-ਪਰਾਗਣ (Cross-Pollination) ਤੋਂ ਕੀ ਭਾਵ ਹੈ ? **2**

18. ਦੋ-ਨਾਵੀਂ ਨਾਮ ਪੱਧਤੀ (Binomial Nomenclature) ਨੂੰ ਇੱਕ ਉਦਾਹਰਣ ਦੇ ਕੇ ਸਮਝਾਓ । **2**

19. ਥਣਧਾਰੀ ਜੰਤੂਆਂ ਵਿੱਚ ਸਾਹ ਕਿਰਿਆ ਦੇ ਕੀ-ਕੀ ਪੜਾਅ ਹਨ ? **2**

20. ਊਠ ਨੂੰ 'ਮਾਰੂਥਲ ਦਾ ਜਹਾਜ਼' (Ship of the Desert) ਕਿਉਂ ਕਿਹਾ ਜਾਂਦਾ ਹੈ ? **2**

2 ਅੰਕ × 16 = 32 ਅੰਕ

ਭਾਗ - III

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜ-ਛੇ ਵਾਕਾਂ ਵਿੱਚ ਦਿਓ :

21. ਹਵਾ ਰਾਹੀਂ ਭੂਮੀ ਨੂੰ ਖੁਰਨ (Wind Erosion) ਤੋਂ ਰੋਕਣ ਲਈ ਕੀਤੇ ਜਾਣ ਵਾਲੇ ਕੋਈ ਪੰਜ ਉਪਾਅ ਲਿਖੋ । **5**

ਜਾਂ

ਸੂਰਜਮੁਖੀ ਦੀ ਖੇਤੀ (Sunflower Cultivation) ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਦਿਓ :

(i) ਦੋ ਉੱਨਤ ਕਿਸਮਾਂ (ii) ਬੀਜ ਦੀ ਮਾਤਰਾ (iii) ਬਿਜਾਈ ਦਾ ਸਮਾਂ

(iv) ਝਾੜ (v) ਕਟਾਈ **5**

22. ਦੁਧਾਰੂ ਪਸ਼ੂ ਪਾਲਣ (Dairy Farming) ਦੇ ਧੰਦੇ ਨੂੰ ਸਫਲ ਬਣਾਉਣ ਲਈ ਧਿਆਨ ਰੱਖਣ ਯੋਗ ਕੋਈ ਪੰਜ ਗੱਲਾਂ ਲਿਖੋ । **5**

ਜਾਂ

ਪਿੰਜਰਿਆਂ ਵਿੱਚ ਮੁਰਗ਼ੀਆਂ ਪਾਲਣ (Cage System of Poultry Farming) ਦੇ ਕੋਈ ਪੰਜ ਲਾਭ ਲਿਖੋ । **5**

23. ਮਟਰ ਕੁਲ (Leguminous Family) ਦੇ ਪੌਦਿਆਂ ਦੀਆਂ ਪੰਜ ਵਿਸ਼ੇਸ਼ਤਾਵਾਂ ਲਿਖ ਕੇ ਦੱਸੋ ਕਿ ਇਹ ਵਿਸ਼ੇਸ਼ਤਾਵਾਂ ਖੇਤੀ ਲਈ ਕਿਵੇਂ ਲਾਭਦਾਇਕ ਹਨ । **5**

ਜਾਂ

ਉਤਵੈਦਨ / ਵਾਸ਼ਪ ਉਤਸਰਜਨ (Transpiration) ਨਾਲ ਪੌਦਿਆਂ ਨੂੰ ਹੋਣ ਵਾਲੇ ਪੰਜ ਲਾਭ ਲਿਖੋ । **5**

24. ਅਵਸ਼ੇਸ਼ੀ ਅੰਗ (Vestigial Organs) ਕੀ ਹੁੰਦੇ ਹਨ? ਇਹਨਾਂ ਨੂੰ ਵਿਕਾਸ ਦੇ ਸਿਧਾਂਤਾਂ ਦੇ ਪ੍ਰਮਾਣ ਵਜੋਂ ਸਮਝਾਉਂਦੇ ਹੋਏ ਮਨੁੱਖ ਵਿੱਚ ਮਿਲਣ ਵਾਲੇ ਕਿਸੇ ਦੋ ਅਵਸ਼ੇਸ਼ੀ ਅੰਗਾਂ ਬਾਰੇ ਲਿਖੋ । **5**

ਜਾਂ

ਸ਼ਹਿਦ ਦੀਆਂ ਮੱਖੀਆਂ ਪਾਲਣ (Beekeeping / Apiculture) ਦੇ ਕੋਈ ਪੰਜ ਲਾਭ ਲਿਖੋ । **5**

5 ਅੰਕ × 4 = 20 ਅੰਕ

aglasem.com For more Question Papers, Sample Papers, Notes & Syllabus visit aglasem.com